Australian Government
Australian Quarantine and Inspection Service

# ਦੀਵਾਲੀ ਦੇ ਤਿਉਹਾਰ ਸਮੇਂ ਰੋਗਾਣੂਆਂ ਦੇ ਜੋਖਮਾਂ ਬਾਰੇ ਸੁਆਲ ਅਤੇ ਜੁਆਬ

| ਸੁਆਲ | AQIS ਨੂੰ ਕਿਉਂ ਦਿਲਚਸਪੀ ਹੈ ਕਿ ਲੋਕ ਆਸਟਰੇਲੀਆ 'ਚ ਡਾਕ ਰਾਹੀਂ ਕੀ ਭੇਜਦੇ ਹਨ ਜਾਂ ਲਿਆਉਂਦੇ ਹਨ? |
|---|---|
| ਜੁਆਬ | • ਕੌਮਾਂਤਰੀ ਡਾਕ ਜਾਂ ਆਸਟਰੇਲੀਆ 'ਚ ਆਉਣ ਵਾਲੇ ਲੋਕਾਂ ਦੇ ਅਜਿਹੇ ਕੀਟਾਣੂ ਅਤੇ ਰੋਗ ਲਿਆਉਣ ਦੀ ਸੰਭਾਵਨਾ ਹੁੰਦੀ ਹੈ ਜੋ ਆਸਟਰੇਲੀਆ 'ਚ ਨਹੀਂ ਪਾਏ ਜਾਂਦੇ।<br><br>• ਵਸਤਾਂ ਜਾਂ ਤੋਹਫ਼ਿਆਂ ਵਿੱਚ ਅਜਿਹੀਆਂ ਪਾਬੰਦੀਸ਼ੁਦਾ ਖ਼ੁਰਾਕੀ ਵਸਤਾਂ ਜਿਵੇਂ ਮਸਾਲੇ, ਜੜੀਆਂ-ਬੂਟੀਆਂ, ਅਖ਼ਰੋਟ, ਬੀਜ, ਡੇਅਰੀ ਉਤਪਾਦ ਜਾਂ ਪੌਦਾ ਸਮੱਗਰੀ ਹੋ ਸਕਦੀਆਂ ਹਨ, ਜੋ ਆਸਟਰੇਲੀਆ ਦੀ ਦਰਾਮਦ ਅਤੇ ਬਰਾਮਦ ਮਾਰਕਿੱਟ ਉਤੇ ਤਬਾਹਕੁੰਨ ਪ੍ਰਭਾਵ ਪਾ ਸਕਦੀਆਂ ਹਨ। ਖਾਪਰਾ ਕੀੜੇ ਦੀ ਦੀਵਾਲੀ ਦੇ ਰਵਾਇਤੀ ਤੋਹਫ਼ਿਆਂ ਨਾਲ ਆਉਣ ਦੀ ਸੰਭਾਵਨਾ ਹੋ ਸਕਦੀ ਹੈ ਅਤੇ ਭਾਰਤੀ ਮਿਠਾਈਆਂ ਵਿੱਚ ਰੋਗਾਣੂ-ਯੁਕਤ ਡੇਅਰੀ ਉਤਪਾਦ ਹੋ ਸਕਦੇ ਹਨ। |
| ਸੁਆਲ | ਦਿਵਾਲੀ ਦੇ ਤਿਉਹਾਰ ਸਮੇਂ ਅਧਿਕਾਰੀਆਂ ਨੂੰ ਕਿਹੜੀਆਂ ਵਸਤਾਂ ਵਿੱਚ ਦਿਲਚਸਪੀ ਹੁੰਦੀ ਹੈ? |
| ਜੁਆਬ | • ਭਾਰਤ ਤੋਂ ਆਉਣ ਵਾਲੀਆਂ ਵਿਸ਼ੇਸ਼ ਵਸਤਾਂ ਜਿਨ੍ਹਾਂ ਵਿੱਚ ਪਾਬੰਦੀਸ਼ੁਦਾ ਪੌਦਾ ਸਮੱਗਰੀ, ਖ਼ੁਰਾਕੀ ਵਸਤਾਂ, ਜਿਵੇ ਮਸਾਲੇ, ਜੜੀਆਂ ਬੂਟੀਆਂ, ਚਾਹ, ਅਖ਼ਰੋਟ, ਬੀਜ; ਜਾਂ ਭਾਰਤੀ ਮਿਠਾਈਆਂ ਜਿਵੇਂ ਬਰਫ਼ੀ, ਰਸ ਮਲਾਈ, ਗੁਲਾਬ ਜਾਮੁਣ, ਪੇੜੇ; ਜਾਂ ਕੋਈ ਹੋਰ ਅਜਿਹੀਆਂ ਖ਼ੁਰਾਕੀ ਵਸਤਾਂ ਜਿਨ੍ਹਾਂ 'ਚ ਡੇਅਰੀ ਉਤਪਾਦ ਹੁੰਦੇ ਹਨ। ਇਨ੍ਹਾਂ ਸਾਰਿਆਂ 'ਚ ਅਜਿਹੇ ਕੀਟਾਣੂ ਅਤੇ ਰੋਗ ਹੋ ਸਕਦੇ ਹਨ, ਜਿਹੜੇ ਆਸਟਰੇਲੀਆ 'ਚ ਨਹੀਂ ਪਾਏ ਜਾਂਦੇ।<br><br>• ਪਿਛਲੇ ਸਾਲ 'ਚ ਕੁਆਰਨਟੀਨ ਅਫ਼ਸਰਾਂ ਨੇ ਭਾਰਤ ਤੋਂ ਡਾਕ ਰਾਹੀਂ ਭੇਜੀਆਂ ਗਈਆਂ 900 ਕਿਲੋਗ੍ਰਾਮ ਵਸਤਾਂ ਫੜੀਆਂ ਸਨ। |

| | |
|---|---|
| ਸੁਆਲ | ਤੁਸੀਂ ਪਾਬੰਦੀਸ਼ੁਦਾ ਵਸਤਾਂ ਦੀ ਪਛਾਣ ਕਿਵੇਂ ਕਰਦੇ ਹੋ ਅਤੇ ਫੜੀਆਂ ਹੋਈਆਂ ਵਸਤਾਂ ਦਾ ਕੀ ਕੀਤਾ ਜਾਂਦਾ ਹੈ? |
| ਜੁਆਬ | • ਡਾਕ ਕੇਂਦਰਾਂ ਉਤੇ, ਪਾਬੰਦੀਸ਼ੁਦਾ ਵਸਤਾਂ ਦੀ ਸ਼ਨਾਖ਼ਤ ਆਮ ਤੌਰ ਉਤੇ ਐਕਸ-ਰੇਅ ਰਾਹੀਂ ਕੀਤੀ ਜਾਂਦੀ ਹੈ, ਸੂਹੀਆ ਕੁੱਤਿਆਂ ਦੁਆਰਾ ਇਹ ਚੈਕ ਕੀਤਾ ਜਾਂਦਾ ਹੈ ਜਾਂ ਕੁਆਰਨਟੀਨ ਅਫ਼ਸਰ ਇਨ੍ਹਾਂ ਦਾ ਨਿਰੀਖਣ ਕਰਦੇ ਹਨ। ਡਾਕ ਪ੍ਰਾਪਤ ਕਰਨ ਵਾਲਿਆਂ ਨੂੰ ਇਹ ਦੱਸ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦੇ ਪਾਰਸਲ ਵਿਚੋਂ ਕੋਈ ਵਸਤੂ ਕੱਢੀ ਜਾਂ ਜਪਤ ਕੀਤੀ ਗਈ ਹੈ।<br><br>• ਕੌਮਾਂਤਰੀ ਹਵਾਈ ਅੱਡਿਆਂ ਉਤੇ ਤੁਹਾਡੇ ਸਾਮਾਨ ਦਾ ਐਕਸ-ਰੇਅ ਕੀਤਾ ਜਾ ਸਕਦਾ ਹੈ, ਸੂਹੀਆ ਕੁੱਤਿਆਂ ਦੁਆਰਾ ਇਹ ਚੈਕ ਕੀਤਾ ਜਾਂਦਾ ਹੈ ਜਾਂ ਕੁਆਰਨਟੀਨ ਅਫ਼ਸਰ ਇਨ੍ਹਾਂ ਦਾ ਨਿਰੀਖਣ ਕਰਦੇ ਹਨ। ਜੇ ਪਾਬੰਦੀਸ਼ੁਦਾ ਵਸਤਾਂ ਪਾਈਆਂ ਜਾਂਦੀਆਂ ਹਨ, ਤਾਂ ਕੁਆਰਨਟੀਨ ਅਫ਼ਸਰ ਉਨ੍ਹਾਂ ਦੇ ਅੰਦਰ ਵੇਖਣ ਦੀ ਪ੍ਰਵਾਨਗੀ ਮੰਗਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਸ ਸਾਮਾਨ 'ਚ ਰੋਗਾਣੂਆਂ ਦਾ ਕੋਈ ਜੋਖਮ ਮੌਜੂਦ ਨਹੀਂ ਹੈ।<br><br>• ਉਹ ਵਸਤਾਂ ਜਿਨ੍ਹਾਂ ਨੂੰ ਡੀਕਲੇਅਰ ਕੀਤਾ ਜਾ ਚੁੱਕਾ ਹੁੰਦਾ ਹੈ ਜਾਂ ਜਿਨ੍ਹਾਂ ਦਾ ਨਿਰੀਖਣ ਕੀਤਾ ਜਾ ਚੁੱਕਾ ਹੁੰਦਾ ਹੈ ਨੂੰ ਉਨ੍ਹਾਂ ਦੇ ਕੁਆਰਨਟੀਨ ਖਤਰੇ ਨੂੰ ਮੱਦੇ ਨਜ਼ਰ ਕਰਦਿਆਂ ਹੋਇਆਂ, ਉਨ੍ਹਾਂ ਦਾ ਇਲਾਜ ਕਰਨ ਮਗਰੋਂ ਵਾਪਸ ਕੀਤਾ ਜਾ ਸਕਦਾ ਹੈ ਜਾਂ ਨਸ਼ਟ ਕੀਤਾ ਜਾ ਸਕਦਾ ਹੈ। ਇਹੋ ਹੀ ਬਿਹਤਰ ਹੁੰਦਾ ਹੈ ਕਿ ਜੇ ਤੁਹਾਨੂੰ ਅਜਿਹੀਆਂ ਵਸਤਾਂ ਬਾਰੇ ਪਤਾ ਨਹੀਂ ਤਾਂ ਇਨ੍ਹਾਂ ਨੂੰ ਪਹਿਲਾਂ ਹੀ ਡੀਕਲੇਅਰ ਕਰ ਦਿਉ। |
| ਸੁਆਲ | ਡਾਕ ਪੈਕੇਜਸ ਭੇਜਣ ਵਾਲੇ ਜਾਂ ਆਸਟਰੇਲੀਆ ਦੀਂ ਯਾਤਰਾ ਕਰਨ ਵਾਲੇ ਇਹ ਕਿਵੇਂ ਯਕੀਨੀ ਬਣਾ ਸਕਦੇ ਹਨ ਕਿ ਉਹ ਆਸਟਰੇਲੀਆ ਦੇ ਕੁਆਰਨਟੀਨ ਕਾਨੂੰਨਾਂ ਦੀ ਪਾਲਣਾ ਕਰਦੇ ਹਨ? |
| ਜੁਆਬ | • ਵਿਦੇਸ਼ਾਂ ਤੋਂ ਡਾਕ ਵਸਤਾਂ ਦੀ ਆਸ ਰੱਖਣ ਵਾਲੇ ਵਿਅਕਤੀਆਂ ਨੂੰ ਖ਼ੁਦ ਇਹ ਗਿਆਨ ਹੋਣਾ ਜ਼ਰੂਰੀ ਹੈ ਕਿ ਕਿਹੜਾ ਕੁੱਝ ਆਸਟਰੇਲੀਆ ਲਿਆਂਦਾ ਨਹੀਂ ਜਾ ਸਕਦਾ। ਉਨ੍ਹਾਂ ਨੂੰ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਪਹਿਲਾਂ ਹੀ ਦਸ ਦੇਣਾ ਚਾਹੀਦਾ ਹੈ ਕਿ ਉਹ ਪਾਬੰਦੀਸ਼ੁਦਾ ਵਸਤਾਂ ਭੇਜਣ ਦਾ ਜੋਖਮ ਨਾ ਲੈਣ ਅਤੇ ਘੋਸ਼ਣਾ-ਪੱਤਰ ਬਿਲਕੁਲ ਠੀਕ ਠੀਕ ਭਰਿਆ ਜਾਵੇ ਅਤੇ ਹਰੇਕ ਪਾਰਸਲ ਵਿੱਚ ਮੌਜੂਦ ਵਸਤਾਂ ਦੀ ਸਹੀ ਸੂਚੀ ਬਣਾਈ ਜਾਵੇ।<br><br>• ਆਸਟਰੇਲੀਆ 'ਚ ਉਤਰਨ ਤੋਂ ਪਹਿਲਾਂ ਤੁਹਾਨੂੰ ਇੱਕ ਇਨਕਮਿੰਗ (ਦਾਖਲੇ ਲਈ) ਯਾਤਰੀ ਕਾਰਡ (Incoming Passenger Card) ਦਿੱਤਾ ਜਾਵੇਗਾ। ਜੇ ਤੁਹਾਡੇ ਕੋਲ ਅਜਿਹੀ ਕੋਈ ਸਮੱਗਰੀ, ਪਸ਼ੂ ਉਤਪਾਦ ਜਾਂ ਅਜਿਹਾ ਭੋਜਨ ਹੈ, ਜਿਨ੍ਹਾਂ ਵਿੱਚ ਮਸਾਲੇ ਬੀਜ, ਅਖ਼ਰੋਟ ਜਾਂ ਭਾਰਤੀ ਮਿਠਾਈਆਂ ਹਨ, ਤਾਂ ਤੁਹਾਨੂੰ ਇਸ ਕਾਰਡ ਉਤੇ ਜ਼ਰੂਰ ਹੀ 'ਹਾਂ' ('Yes') ਉਪਰ ਨਿਸ਼ਾਨ ਲਾਉਣਾ ਚਾਹੀਦਾ ਹੈ। ਇਹ ਇੱਕ ਕਾਨੂੰਨੀ ਦਸਤਾਵੇਜ਼ ਹੈ ਅਤੇ ਜੇ ਤੁਸੀਂ ਇਸ ਨੂੰ ਸਹੀ ਤਰੀਕੇ ਨਾਲ ਨਹੀਂ ਭਰਦੇ ਤਾਂ ਤੁਹਾਨੂੰ ਜੁਰਮਾਨਾ ਹੋ ਸਕਦਾ ਹੈ।<br><br>• ਆਪਣੇ ਯਾਤਰੀ ਕਾਰਡ ਉਤੇ ਕੀਟਾਣੂ ਜੋਖਮ ਵਾਲੀਆਂ ਵਸਤਾਂ ਐਲਾਨਣ ਤੋਂ ਅਸਫ਼ਲ ਰਹਿਣ ਦੀ ਸਥਿਤੀ ਵਿੱਚ ਤੁਹਾਨੂੰ 220 ਆਸਟਰੇਲੀਅਨ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਹੋਰ ਗੰਭੀਰ ਉਲੰਘਣਾਵਾਂ ਲਈ ਤੁਹਾਡੇ ਉਤੇ ਮੁਕੱਦਮਾ ਵੀ ਚਲਾਇਆ ਜਾ ਸਕਦਾ ਹੈ ਅਤੇ 66,000 ਆਸਟਰੇਲੀਅਨ ਡਾਲਰ ਤੱਕ ਦਾ ਜੁਰਮਾਨਾ ਜਾਂ 10 ਸਾਲ ਕੈਦ ਤੱਕ ਦੀ ਸਜ਼ਾ ਵੀ ਹੋ ਸਕਦੀ ਹੈ ਜੋ ਕਿ ਇੱਕ ਅਪਰਾਧਕ ਰਿਕਾਰਡ ਹੈ। |

| ਸੁਆਲ | ਡਾਕ ਰਾਹੀਂ ਆਸਟਰੇਲੀਆ ‘ਚ ਕੀ ਭੇਜਿਆ/ਮੰਗਵਾਇਆ ਜਾ ਸਕਦਾ ਹੈ, ਇਸ ਬਾਰੇ ਹੋਰ ਜਾਣਕਾਰੀ ਲੋਕਾਂ ਨੂੰ ਕਿਥੋਂ ਮਿਲ ਸਕਦੀ ਹੈ? |
| --- | --- |
| | • ਇਹ ਪਤਾ ਕਰਨ ਲਈ ਕਿ ਡਾਕ ਰਾਹੀਂ ਆਸਟਰੇਲੀਆ ’ਚ ਕੀ ਭੇਜਿਆ/ਮੰਗਵਾਇਆ ਜਾਂ ਲਿਆਂਦਾ ਜਾ ਸਕਦਾ ਹੈ:<br>○ AQIS ਦੀ ਵੈਬਸਾਈਟ www.aqis.gov.au ਤੇ ਲਾਗ ਇਨ ਕਰੋ। ਇਸ ਵੈਬਸਾਈਟ ਵਿੱਚ ਹੋਰਨਾਂ ਭਾਸ਼ਾਵਾਂ ਵਿੱਚ ਵੀ ਜਾਣਕਾਰੀ ਅਤੇ ਤੱਥ ਸ਼ੀਟਾਂ ਹੁੰਦੀਆਂ ਹਨ।<br>○ ਕੁਆਰਨਟੀਨ ਪੁਸਤਿਕਾ *ਆਸਟਰੇਲੀਆ ’ਚ ਡਾਕ ਰਾਹੀਂ ਕੀ ਭੇਜਿਆ/ਮੰਗਵਾਇਆ ਨਹੀਂ ਜਾ ਸਕਦਾ? (What Can’t be Mailed to Australia?)* ਜਾਂ *ਮੈਂ ਆਸਟਰੇਲੀਆ ’ਚ ਕੀ ਲਿਆ ਨਹੀਂ ਸਕਦਾ?* (*What Can’t I take into Australia?)* ਲਈ ਬੇਨਤੀ ਕਰੋ ਜਾਂ ਇਸ ਨੂੰ ਡਾਊਨਲੋਡ ਕਰੋ।<br>○ 1800 020 504 ਉਤੇ AQIS ਨੂੰ ਫੋਨ ਕਰੋ (ਆਸਟਰੇਲੀਆ ’ਚ ਇਹ ਕਾਲ ਮੁਫ਼ਤ ਹੈ ਅਤੇ ਅੰਗਰੇਜ਼ੀ ਵਿੱਚ ਹੈ) ਅਤੇ ਕੋਈ ਵੀ ਸੁਆਲ ਪੁੱਛੋ।<br>○ ਜੇ ਤੁਹਾਨੂੰ ਕਿਸੇ ਹੋਰ ਭਾਸ਼ਾ ’ਚ ਮਦਦ ਦੀ ਜ਼ਰੂਰਤ ਹੈ ਤਾਂ Translating and Interpreting Service (ਅਨੁਵਾਦ ਅਤੇ ਵਿਆਖਿਆ ਸੇਵਾ) ਨਾਲ 131 450 (ਆਸਟਰੇਲੀਆ ਵਿੱਚ) ਉਤੇ ਸੰਪਰਕ ਕਰੋ। |